ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸਾਖਾ)

## ਹੁਕਮ

ਸਿਵਲ ਰਿੱਟ ਪਟੀਸ਼ਨ ਨੰਬਰ 4182 ਆਫ 1995 ਅਤੇ ਹੋਰ ਸਬੰਧਤ ਕੇਸਾਂ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਆਪਣੇ ਹੁਕਮ ਮਿਤੀ 02.03.2005 ਰਾਹੀਂ ਡਿਸਪੋਸ ਆਫ ਕਰਦੇ ਹੋਏ ਸਿੱਖਿਆ ਵਿਭਾਗ ਨੂੰ ਪੰਜਾਬ ਐਜੂਕੇਸ਼ਨਲ ਸਰਵਿਸਿਸ (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਸੇਵਾ ਨਿਯਮਾਂ ਦੇ ਉਪਬੰਧਾ ਅਨੁਸਾਰ ਵੋਕੇਸ਼ਨਲ ਮਾਸਟਰ/ਵੋਕੇਸ਼ਨਲ ਲੈਕਚਰਾਰ ਦੀਆਂ ਬਤੌਰ ਪ੍ਰਿੰਸੀਪਲ ਪੱਦ-ਉਨੱਤੀਆਂ, ਇਹਨਾਂ ਕਰਮਚਾਰੀਆਂ ਲਈ ਨਿਸ਼ਚਿਤ 15% ਕੋਟੇ ਵਿਰੁੱਧ ਕਰਨ ਦੇ ਆਦੇਸ਼ ਦਿਤੇ ਗਏ ਸਨ। ਸੀਨੀਅਰ ਵੋਕੇਸ਼ਨਲ ਮਾਸਟਰ ਐਸੋਸਿਏਸ਼ਨ ਵਲੋਂ ਉਕਮ ਫੈਸਲੇ ਨੂੰ ਲਾਗੂ ਕਰਵਾਉਣ ਹਿੱਤ ਸੀ. ਓ. ਸੀ. ਪੀ. ਨੰ 1210 ਆਫ 2005, 868 ਆਫ 2008, ਅਤੇ 290 ਆਫ 2010 ਦਾਇਰ ਕੀਤੀਆਂ ਗਈਆ। ਕੰਟੈਂਪਟ ਪਟੀਸ਼ਨਾਂ ਦੇ ਸਨਮੁੱਖ ਮਿਤੀ 02.03.2005 ਦੇ ਫੈਸਲੇ ਨੂੰ ਲਾਗੂ ਕਰਦੇ ਹੋਏ ਵੋਕੇਸ਼ਨਲ ਲੈਕਚਰਾਰਾਂ ਨੂੰ ਬਤੌਰ ਪ੍ਰਿੰਸੀਪਲ ਮਿਤੀ 22.12.2009 ਅਤੇ 17.02.2012 ਦੇ ਵਿਭਾਗੀ ਹੁਕਮਾਂ ਰਾਹੀਂ ਪੱਦ-ਉੱਨਤ ਕਰ ਦਿੱਤਾ ਗਿਆ ਸੀ। ਪ੍ਰੰਤੂ ਇਹ ਪੱਦ-ਉੱਨਤੀਆਂ ਪੰਜਾਬ ਐਜੂਕੇਸ਼ਨਲ ਸਰਵਿਸਿਸ (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਸੇਵਾ ਨਿਯਮ, 2004 ਦੇ ਅਨੁਸਾਰ ਨਾ ਹੋਣ ਕਾਰਨ ਕਈ ਵੋਕੇਸ਼ਨਲ ਮਾਸਟਰ ਸੀਨੀਅਰ ਹੋਣ ਦੇ ਬਾਵਜੂਦ ਪੱਦ-ਉੱਨਤ ਨਹੀਂ ਕੀਤੇ ਗਏ। ਇਹਨਾ ਵੋਕੇਸ਼ਨਲ ਮਾਸਟਰਾਂ ਨੂੰ ਪੱਦ-ਉੱਨਤ ਨਾ ਕੀਤੇ ਜਾਣ ਦੀ ਕਾਰਵਾਈ ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੰਟੈਂਪਟ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਪੰਜਾਬ ਐਜੂਕੇਸ਼ਨਲ ਸਰਵਿਸਿਸ (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਸੇਵਾ ਨਿਯਮ, 2004 ਦੇ ਅਨੁਕੂਲ ਨਾ ਦੱਸਦੇ ਹੋਏ ਗੰਭੀਰ ਨੋਟਿਸ ਲਿਆ ਗਿਆ। ਇਸ ਸਥਿਤੀ ਦੇ ਸਨਮੁੱਖ ਮਿਤੀ 22.12.2009 ਅਤੇ ਮਿਤੀ 17.02.2012 ਦੇ ਹੁਕਮਾਂ ਰਾਹੀਂ ਅਤੇ ਇਹਨਾਂ ਦੀ ਲਗਾਤਾਰਤਾ ਵਿੱਚ ਕੀਤੀਆਂ ਪੱਦ-ਉਨਤੀਆਂ ਨੂੰ ਨਿਯਮਾਂ ਅਨੁਸਾਰ ਮੁੜ ਵਿਚਾਰਨ ਹਿੱਤ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 23.10.2016 ਨੂੰ ਕੀਤੀ ਗਈ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ ਹੇਠ ਲਿਖੇ ਵੋਕੇਸ਼ਨਲ ਮਾਸਟਰ/ਵੋਕੇਸ਼ਨਲ ਲੈਕਚਰਾਰਾਂ ਨੂੰ ਮਿਤੀ 22.12.2009 ਦੀਆਂ ਪੱਦ-ਉੱਨਤੀਆਂ ਦੇ ਰੀਵਿਊ ਦੌਰਾਨ ਯੋਗ ਪਾਏ ਜਾਣ ਦੇ ਆਧਾਰ ਤੇ ਪੀ. ਈ. ਐਸ. (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਰੂਲਜ਼, 2004 ਅਨੁਸਾਰ ਪੇਅ ਸਕੇਲ 15600-39100+6600 ਗ੍ਰੇਡ ਪੇਅ ਵਿੱਚ ਪ੍ਰੋਵੀਜਨਲ ਤੌਰ ਤੇ ਪੀ. ਈ. ਐਸ. (ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਵਿੱਚ ਪਦ-ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਸੀਨੀਆਰਤਾ ਨੰ. | ਕਰਮਚਾਰੀ ਦਾ ਨਾਂ (ਸ੍ਰੀ/ਸ੍ਰੀਮਤੀ) | ਕੈਟਾਗਰੀ | ਵਿਸੇਸ ਕਥਨ |
|---|---|---|---|---|
| 1. | 40 | ਇੰਦਰਜੀਤ ਕੌਰ, ਸਸਸਸ ਫਾਜਿਲਕਾ | ਜਨਰਲ | |
| 2. | 50 | ਜਸਪਾਲ ਸਿੰਘ, ਸਸਸਸ ਕਰਤਾਰਪੁਰ (ਜਲੰਧਰ) | ਬੀ.ਸੀ. | |
| 3. | 58 | ਗਿਆਨ ਸਿੰਘ, ਸਸਸਸ ਨਸਰਾਲੀ (ਲੁਧਿਆਣਾ) | ਜਨਰਲ | |
| 4. | 65 | ਸੁਰਿੰਦਰ ਸਿੰਘ, ਸਕੰਸਸਸ ਰਾਹੋਂ (ਸਭਸ ਨਗਰ) | ਬੀ.ਸੀ. | |

| | | | | |
|---|---|---|---|---|
| 5. | 104 | ਰਾਕੇਸ ਕੁਮਾਰ, ਸਸਸਸ (ਮੁੰ) ਜਵਾਹਰ ਨਗਰ, ਲੁਧਿਆਣਾ | ਜਨਰਲ | |
| 6. | 118 | ਗੁਰਮੇਲ ਸਿੰਘ, ਸਸਸਸ ਲਾਡੋਵਾਲੀ ਰੋਡ (ਜਲੰਧਰ) | ਬੀ.ਸੀ | |
| 7. | 219 | ਹਰਿੰਦਰ ਸਿੰਘ, ਸਸਸਸ ਮੋਰਿੰਡਾ, ਰੂਪਨਗਰ | ਜਨਰਲ | |
| 8. | 220 | ਜਸਵੀਰ ਕੌਰ, ਸਸਸਸ ਘਨੌਲੀ (ਰੋਪੜ) | ਜਨਰਲ | |
| 9. | 242 | ਗੁਰਮੇਲ ਸਿੰਘ, ਸਮਪਸਸਸ ਪਟਿਆਲਾ | ਜਨਰਲ | |

ਇਹ ਹੁਕਮ ਤੁਰੰਤ ਲਾਗੂ ਹੋਣਗੇ।

1. ਇਹ ਤਰੱਕੀਆਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ/ਸੁਪਰੀਮ ਕੋਰਟ ਵਿੱਚ ਚਲ ਰਹੇ ਕੋਰਟ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ। ਜੇਕਰ ਬਾਅਦ ਵਿੱਚ ਕਿਸੇ ਅਧਿਕਾਰੀ ਦੀ ਰਿਵਰਸਨ ਆਦਿ ਕਰਨ ਦੀ ਜਰੂਰਤ ਹੋਈ ਤਾਂ ਇਹ ਪਦ-ਉੱਨਤੀਆਂ ਕਿਸੇ ਵੀ ਸਮੇਂ ਦੁਬਾਰਾ ਵਿਚਾਰੀਆਂ ਜਾਂ ਸਕਦੀਆਂ ਹਨ।

2. ਇਹ ਤਰੱਕੀਆਂ ਬਿਲਕੁਲ ਆਰਜ਼ੀ ਹੋਣਗੀਆ। ਪੀ.ਈ.ਐਸ. ਗਰੁੱਪ-ਏ ਵਿੱਚ ਸੀਨੀਆਰਤਾ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ।

3. ਇਨ੍ਹਾਂ ਅਧਿਕਾਰੀਆਂ ਦਾ ਪਰਖ਼ਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿੱਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ।

4. ਸਰਕਾਰ ਵੱਲੋਂ ਪਦ-ਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦ-ਉਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।

5. ਇਹਨਾਂ ਹੁਕਮਾਂ ਵਿੱਚ ਦਰਜ ਅਜਿਹੇ ਕਰਮਚਾਰੀ ਜੋ ਨਵੇਂ ਪੱਦ-ਉੱਨਤ ਹੋਏ ਹਨ, ਆਪਣੀ ਹਾਜਰੀ 07 ਦਿਨਾਂ ਦੇ ਅੰਦਰ ਅੰਦਰ ਡੀ ਪੀ ਆਈ (ਸੈਸਿ), ਪੰਜਾਬ ਦੇ ਦਫਤਰ ਵਿਖੇ ਦੇਣਗੇ, ਨਿਸ਼ਚਿਤ ਸਮੇਂ ਦੇ ਅੰਦਰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਨੂੰ ਨਿਯਮਾਂ ਅਨੁਸਾਰ 2 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

6. ਇਹਨਾਂ ਹੁਕਮਾਂ ਵਿੱਚ ਦਰਜ ਅਜਿਹੇ ਕਰਮਚਾਰੀ ਜੋ ਸੇਵਾ ਮੁਕਤ ਹੋ ਚੁੱਕੇ ਹਨ, ਉਹਨਾਂ ਦੇ ਪੈਨਸ਼ਨ ਕੇਸ ਸਬੰਧਤ ਡੀ ਡੀ ਓ ਦੁਆਰਾ ਰੀਵਾਇਜ਼ ਕਰਕੇ ਏ ਜੀ, ਪੰਜਾਬ, ਨੂੰ ਇੱਕ ਮਹੀਨੇ ਦੇ ਅੰਦਰ ਅੰਦਰ ਪੇਸ਼ ਕਰਨਗੇ। ਸਬੰਧਤ ਰਿਟਾਇਰੀ ਡੀ ਡੀ ਓ ਨੂੰ ਲੋੜੀਂਦੇ ਦਸਤਾਵੇਜ ਜੇਕਰ ਕੋਈ ਹੋਣ, ਤਾਂ ਤੁਰੰਤ ਪੇਸ਼ ਕਰਨ।

7. ਇਹਨਾਂ ਹੁਕਮਾਂ ਵਿੱਚ ਦਰਜ ਅਜਿਹੇ ਕਰਮਚਾਰੀ ਜੋ ਪਹਿਲਾਂ ਹੀ ਪੱਦ-ਉੱਨਤ ਦਰਸਾਏ ਗਏ ਹਨ, ਆਪਣੀ ਮੌਜੂਦਾ ਤੈਨਾਤੀ ਵਾਲੀ ਥਾਂ ਤੇ ਪਹਿਲਾਂ ਵਾਂਗ ਹੀ ਕੰਮ ਕਰਦੇ ਰਹਿਣਗੇ।

ਜੀ.ਵਜਰਾਲਿੰਗਮ, ਆਈ.ਏ.ਐਸ.,

ਮਿਤੀ, ਚੰਡੀਗੜ੍ਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

23.10.2016 ਸਿੱਖਿਆ ਵਿਭਾਗ (ਸਕੂਲਜ਼)।

ਪਿੱਠ ਅੰਕਣ ਨੰ:5/66/15-2ਸਿ4/87283/1-12 ਮਿਤੀ, ਚੰਡੀਗੜ੍ਹ: 08-11-16

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ

2. ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ;

3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।

4. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਪਦ-ਉਨਤੀਆਂ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।

5. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ:), ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ;

6. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ, ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ;

7. ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।

8. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।

9. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:), ਪੰਜਾਬ ਆਪਣੇ ਆਪਣੇ ਜ਼ਿਲੇ ਨਾਲ ਸਬੰਧਤ ਪੱਦ-ਉੱਨਤ ਕਰਮਚਾਰੀਆਂ ਨੂੰ ਸੁਚਿਤ ਕਰਨਗੇ।

10. ਸਬੰਧਤ ਅਧਿਕਾਰੀ ਆਪਣੀ ਕਾਪੀ ਵਿਭਾਗ ਦੀ ਵੈੱਬਸਾਇਟ ਤੋਂ ਡਾਊਨ ਲੋਡ ਕਰਨਗੇ।

ਸੁਪਰਡੰਟ